ਜਮਾਤ -ਦਸਵੀਂ (2018-19)

ਵਿਸ਼ਾ - ਅਰਥਸ਼ਾਸਤਰ

ਇੱਕ ਅੰਕ ਵਾਲੇ ਪ੍ਰਸ਼ਨ

ਪ੍ਰਸ਼ਨ:-1. ਬੱਚਤ ਦੀ ਪਰਿਭਾਸ਼ਾ ਲਿਖੋ।

ਉੱਤਰ:- ਆਮਦਨ ਦੀ ਖਰਚ ਤੋਂ ਅਧਿਕਤਾ ਨੂੰ ਬੱਚਤ ਕਿਹਾ ਜਾਂਦਾ ਹੈ । ਬੱਚਤ =ਆਮਦਨ-ਖਰਚ

ਪ੍ਰਸ਼ਨ:-2. ਇਛੁੱਕ ਬੇਰੋਜਗਾਰੀ ਤੋਂ ਕੀ ਭਾਵ ਹੈ ?

ਉੱਤਰ:- ਜਦੋਂ ਕਿਰਤੀ ਪ੍ਰਚਲਿਤ ਦਰ ਉੱਤੇ ਕੰਮ ਕਰਨ ਨੂੰ ਤਿਆਰ ਨਾਂ ਹੋਣ ਨੂੰ ਇਛੁੱਕ ਬੇਰੋਜਗਾਰੀ ਕਿਹਾ ਜਾਂਦਾ ਹੈ ।

ਪ੍ਰਸ਼ਨ:-3. ਮੌਸਮੀ ਬੇਰੋਜ਼ਗਾਰੀ ਕੀ ਹੈ ?

ਉੱਤਰ:- ਮੌਸਮ , ਫੈਸ਼ਨ ਤੇ ਰੂਚੀ ਵਿੱਚ ਪਰਿਵਰਤਨ ਕਾਰਨ ਇਹ ਬੇਰੋਜ਼ਗਾਰੀ ਪੈਦਾ ਹੈ ।ਜਿਵੇਂ ਸਰਦੀਆਂ ਵਿੱਚ ਬਰਫ ਦੇ ਕਾਰਖਾਨੇ ਬੰਦ ਰਹਿੰਦੇ ਹਨ ।

ਪ੍ਰਸ਼ਨ:-4. ਰਾਸ਼ਟਰੀ ਆਮਦਨ ਤੋਂ ਕੀ ਭਾਵ ਹੈ ?

ਉੱਤਰ:- ਰਾਸ਼ਟਰੀ ਆਮਦਨ ਇੱਕ ਦੇਸ਼ ਦੇ ਸਧਾਰਨ ਨਾਗਰਿਕਾਂ ਦੀ ਇੱਕ ਸਾਲ ਵਿੱਚ ਮਜਦੂਰੀ, ਵਿਆਜ, ਲਗਨ ਤੇ ਲਾਭ ਰੂਪ ਵਿੱਚ ਅਰਜਿਤ ਸਾਧਨ ਹੈ ।

ਪ੍ਰਸ਼ਨ:-5. ਪ੍ਰਤੀ ਵਿਅਕਤੀ ਆਮਦਨ ਕੀ ਹੈ ?

ਉੱਤਰ:-ਕਿਸੇ ਦੇਸ਼ ਦੇ ਲੋਕਾਂ ਨੂੰ ਇੱਕ ਨਿਸ਼ਚਿਤ ਅਵਧੀ ਵਿੱਚ ਪ੍ਰਾਪਤ ਹੋਣ ਵਾਲੀ ਔਸਤ ਆਮਦਨ ਤੋਂ ਹੈ ।

ਪ੍ਰਤੀ ਵਿਅਕਤੀ ਆਮਦਨ=ਰਾਸ਼ਟਰੀ ਆਮਦਨ/ਜਨਸੰਖਿਆ

ਪ੍ਰਸ਼ਨ:-6. ਉਪਭੋਗ ਤੋਂ ਕੀ ਭਾਵ ਹੈ?

ਉੱਤਰ:-ਆਪਣੀ ਜਰੂਰਤ ਦੀ ਸੰਤੁਸ਼ਟੀ ਲਈ ਮਨੁੱਖ ਦੁਆਰਾ ਵਸਤੂਆਂ ਤੇ ਸੇਵਾਵਾਂ ਦੇ ਪ੍ਰਯੋਗ ਨੂੰ ਉਪਭੋਗ ਕਿਹਾ ਜਾਂਦਾ ਹੈ ।

ਪ੍ਰਸ਼ਨ:-7. ਨਿਵੇਸ਼ ਦੀ ਪਰਿਭਾਸ਼ਾ ਕੀ ਹੈ ?

ਉੱਤਰ:- ਇੱਕ ਲੇਖਾ ਸਾਲ ਵਿੱਚ ਉੱਤਪਾਦਨ ਦੇ ਉਪਭੋਗ ਤੇ ਵਾਧੇ ਨੂੰ ਨਿਵੇਸ਼ ਕਿਹਾ ਜਾਂਦਾ ਹੈ ।

ਪ੍ਰਸ਼ਨ:-8. ਪੂੰਜੀ ਨਿਰਮਾਣ ਤੋਂ ਕੀ ਭਾਵ ਹੈ?

ਉੱਤਰ:- ਪੂੰਜੀ ਵਿੱਚ ਹੋਣ ਵਾਲੇ ਵਾਧੇ ਨੂੰ ਨਿਵੇਸ਼ ਕਿਹਾ ਜਾਂਦਾ ਹੈ।

ਪ੍ਰਸ਼ਨ:-9. ਛੁੱਪੀ ਬੇਰੋਜ਼ਗਾਰੀ ਤੋਂ ਕੀ ਭਾਵ ਹੈ ?

ਉੱਤਰ:- ਕਿਸੇ ਵਿਸ਼ੇਸ਼ ਆਰਥਿਕ ਖੇਤਰ ਵਿੱਚ ਉੱਤਪਾਦਨ ਦੇ ਲਈ ਲੋੜ ਤੋਂ ਵੱਧ ਗਿਣਤੀ ਵਿੱਚ ਮਜਦੂਰ ਲਗੇ ਹੋਣ।

ਪ੍ਰਸ਼ਨ:-10. ਪੂਰਨ ਰੋਜ਼ਗਾਰ ਤੋਂ ਕੀ ਭਾਵ ਹੈ ?

ਉੱਤਰ:- ਉਹ ਅਵਸਥਾ ਹੈ ਜਿਸ ਵਿੱਚ ਉਹ ਸਾਰੇ ਵਿਅਕਤੀ ਜੋ ਕੰਮ ਕਰਨ ਦੇ ਇੱਛੁਕ ਹਨ ,ਪ੍ਰਚਲਿਤ ਦਰ ਤੇ ਕੰਮ ਕਰਨ ਨੂੰ ਤਿਆਰ ਹੋਣ।

ਪ੍ਰਸ਼ਨ :-11. ਸਰਕਾਰੀ ਬਜਟ ਕੀ ਹੁੰਦਾ ਹੈ?

ਉੱਤਰ:-. ਸਰਕਾਰ ਦੁਆਰਾ ਪ੍ਰਸਤਾਵਿਤ ਸਾਲਾਨਾ ਆਮਦਨ ਤੇ ਖਰਚ ਦਾ ਬਿਉਰਾ ਹੁੰਦਾ ਹੈ।

ਪ੍ਰਸ਼ਨ:- 12. ਘਾਟੇ ਦੀ ਵਿੱਤ ਵਿਵਸ਼ਥਾ ਤੋਂ ਕੀ ਭਾਵ ਹੈ ?

ਉੱਤਰ:- ਆਮਦਨ ਤੋਂ ਖਰਚ ਵਾਧੇ ਹੋਣ ਤੇ ਘਾਟੇ ਦੀ ਪੂਰਤੀ ਲਈ ਨਵੀਂ ਮੁਦਰਾ ਦਾ ਜਾਰੀ ਕਰਨਾ ਘਾਟੇ ਦੀ ਵਿੱਤ ਵਿਵਸਥਾ ਅਖਵਾਉਂਦਾ ਹੈ।

ਪ੍ਰਸ਼ਨ:-13. ਵਿਦੇਸ਼ੀ ਸਹਾਇਤਾ ਤੋਂ ਕੀ ਭਾਵ ਹੈ ?

ਉੱਤਰ:- ਕਿਸੇ ਦੇਸ਼ ਵਿੱਚ ਵਿਦੇਸ਼ੀ ਸਰਕਾਰ ਦੁਆਰਾ ,ਨਿਜੀ ਵਿਅਕਤੀਆਂ ਦੁਆਰਾ ,ਵਿਦੇਸ਼ੀ ਬੈਂਕਾਂ ਦੁਆਰਾ ,ਅੰਤਰੀ-ਰਾਸ਼ਟਰੀ ਸੰਸਥਾਂਵਾਂ ਦੁਆਰਾ ਪੂੰਜੀ ਦੇ ਨਿਵੇਸ਼ ਕਰਜਿਆਂ ਅਤੇ ਅਨੁਦਾਨਾ ਤੋਂ ਹੈ।

ਪ੍ਰਸ਼ਨ:-14:- ਰਾਜਕੋਸ਼ੀ ਨੀਤੀ ਤੋ ਕੀ ਭਾਵ ਹੈ?

ਉੱਤਰ:- ਸਰਕਾਰ ਦੀ ਆਮਦਨ, ਕਰਜ ,ਖਰਚਿਆਂ ਸਬੰਧੀ ਨੀਤੀ ਨੂੰ ਰਾਜਕੋਸ਼ੀ ਨੀਤੀ ਕਿਹਾ ਜਾਂਦਾ ਹੈ।

ਪ੍ਰਸ਼ਨ:-15. ਆਰਥਿਕ ਅਧਾਰਿਕ ਸੰਰਚਨਾਵਾਂ ਤੋਂ ਕੀ ਭਾਵ ਹੈ?

ਉੱਤਰ:- ਉਹ ਸਹੂਲਤਾਂ ਤੇ ਸੇਵਾਵਾਂ ਹਨ ਜੋ ਉਤਪਾਦਨ ਤੇ ਵਿਤਰਨ ਪ੍ਰਣਾਲੀ ਨੂੰ ਪ੍ਰੱਤਖ ਰੂਪ ਵਿੱਚ ਪ੍ਰਭਾਵਿਤ ਕਰਦੀਆਂ ਹਨ।

ਪ੍ਰਸ਼ਨ :-16. ਭਾਰਤ ਦੀਆਂ ਮੁੱਖ ਗੈਰ ਬੈਂਕਿੰਗ ਸੰਸਥਾਂਵਾਂ ਦੇ ਨਾਂ ਲਿਖੋ?

ਉੱਤਰ:- ਯੂਨਿਟ ਟਰੱਸਟ ਆਫ ਇੰਡੀਆ ਅਤੇ ਭਾਰਤੀ ਜੀਵਨ ਬੀਮਾ ਨਿਗਮ।

ਪ੍ਰਸ਼ਨ:-17. ਭਾਰਤ ਦੀ ਮੁੱਖ ਆਰਥਿਕ ਸੰਰਚਨਾਂਵਾਂ ਕਿਹੜੀਆਂ ਹਨ?

ਉੱਤਰ:- ਯਾਤਾਯਾਤ ਤੇ ਸੰਚਾਰ ਸਾਧਨ ,ਬਿਜਲੀ ਸ਼ਕਤੀ ,ਸਿੰਚਾਈ ,ਮੂਦਰਾ ਪੂਰਤੀ ਤੇ ਬੈਂਕਿੰਗ ਸੰਸਥਾਂਵਾਂ।

ਪ੍ਰਸ਼ਨ:-18. ਭਾਰਤ ਵਿੱਚ ਯਾਤਾਯਾਤ ਦੇ ਸਾਧਨ ਕਿਹੜੇ ਜਨ?

ਉੱਤਰ:- ਰੇਲਵੇ, ਸੜਕ, ਜਲ ਤੇ ਹਵਾਈ ਯਾਤਾਯਾਤ।

ਪ੍ਰਸ਼ਨ:-19. ਸਿੰਚਾਈ ਤੋਂ ਕੀ ਭਾਵ ਹੈ?

ਉੱਤਰ:- ਜਮੀਨ ਨੂੰ ਬਨਾਵਟੀ ਸਾਧਨਾਂ ਦੁਆਰਾ ਪਾਣੀ ਦੇਣ ਨੂੰ ਸਿੰਚਾਈ ਕਿਹਾ ਜਾਂਦਾ ਹੈ।ਜਿਵੇਂ-ਖੂਹ,ਨਹਿਰਾਂ,ਟਿਊਬਵੈਲ।

ਪ੍ਰਸ਼ਨ:-20. ਭਾਰਤੀ ਰਿਜ਼ਰਵ ਬੈਂਕ ਤੇ ਟਿੱਪਣੀ ਲਿਖੋ?

ਉੱਤਰ:- ਇਹ ਭਾਰਤ ਦਾ ਕੇਂਦਰੀ ਬੈਂਕ ਹੈ।ਇਸਦੀ ਸਥਾਪਨਾ 1935 ਵਿੱਚ ਹੋਈ। ਇਸਦਾ ਮੁੱਖ ਕੰਮ ਨੋਟ ਜਾਰੀ ਕਰਨਾ , ਬੈਂਕਿੰਗ ਪ੍ਰਣਾਲੀ ਨੂੰ ਨਿਯਮਿਤ ਕਰਨਾ ਤੇ ਸਾਖ ਨਿਯੰਤ੍ਰਿਤ ਕਰਨਾ ਹੈ ।

ਪ੍ਰਸ਼ਨ:-21. ਭਾਰਤ ਦਾ ਕੋਈ ਇੱਕ ਭੂਮੀ ਸੁਧਾਰ ਦੱਸੋ?

ਉੱਤਰ:- ਕਾਸ਼ਤਕਾਰੀ ਪ੍ਰਥਾ ਵਿੱਚ ਸੁਧਾਰ।

ਪ੍ਰਸ਼ਨ:-22.ਰਾਸ਼ਟਰੀ ਆਮਦਨ ਵਿੱਚ ਖੇਤੀਬਾੜੀ ਦਾ ਅੰਸ਼ ਕਿੰਨਾ ਹੈ?

ਉੱਤਰ:-17.4.1

ਪ੍ਰਸ਼ਨ:-23. ਭਾਰਤ ਦੀ ਖੇਤੀ ਦੇ ਪਿਛੜੇਪਨ ਦੇ ਕਾਰਨ ਲਿਖੋ?

ਉੱਤਰ:- ਸਿੰਚਾਈ ਸਹੂਲਤਾਂ ਦੀ ਕਮੀ, ਚੰਗੇ ਬੀਜਾਂ ਤੇ ਰਸਾਇਨਿਕ ਖਾਦਾਂ ਦੀ ਕਮੀ।

ਪ੍ਰਸ਼ਨ:-24. ਮੁੱਢਲੇ ਉਦਯੋਗਾਂ ਦੇ ਨਾਂ ਲਿਖੋ?

ਉੱਤਰ:- ਲੋਹਾ ਤੇ ਇਸਪਾਤ ਉਦਯੋਗ, ਰਸਾਇਨਿਕ ਉਦਯੋਗ।

ਪ੍ਰਸ਼ਨ:-25. ਲਘੂ ਤੇ ਵੱਡੇ ਉਦਯੋਗਾਂ ਦੀ ਕ੍ਰਮਵਾਰ ਮੁਸ਼ਕਲਾਂ ਕਿਹੜੀਆਂ ਹਨ?

ਉੱਤਰ:- ਵਿੱਤ ਦੀ ਸਮੱਸਿਆ ਤੇ ਮਾਲਿਕ ਮਜ਼ਦੂਰ ਝਗੜਾ।

ਪ੍ਰਸ਼ਨ:-26. ਭਾਰਤ ਵਿੱਚ ਉਦਯੋਗੀਕਰਨ ਨੀਤੀ ਕਦੋਂ ਲਾਗੂ ਹੋਈ?

ਉੱਤਰ:- 1991 ਵਿੱਚ ।

ਪ੍ਰਸ਼ਨ:-27. ਉਪਭੋਗਤਾ ਸੁੱਰਖਿਆ ਐਕਟ ਕਦੋਂ ਪਾਸ ਹੋਇਆ?

ਉੱਤਰ:- 1986 ਵਿੱਚ ।

ਪ੍ਰਸ਼ਨ:-28. ਭਾਰਤ ਦੇ ਮੁੱਖ ਨਿਰਯਾਤ ਤੇ ਅਯਾਤ ਲਿਖੋ?

ਉੱਤਰ-:ਅਯਾਤ-ਪਟਰੋਲੀਅਮ ,ਮਸ਼ੀਨਰੀ ਨਿਰਯਾਤ-ਗਰਮ ਮਸਾਲੇ, ਚਾਹ।

ਪ੍ਰਸ਼ਨ:-29. ਵਿਦੇਸ਼ੀ ਵਪਾਰ ,ਅਯਾਤ ਤੇ ਨਿਰਯਾਤ ਤੇ ਕੀ ਭਾਵ ਹੈ?

ਉੱਤਰ:- ਵਿਦੇਸ਼ੀ ਵਪਾਰ-ਜੋ ਦੇਸ਼ਾਂ ਦੇ ਵਿਚਕਾਰ ਹੁੰਦਾ ਹੈ

ਅਯਾਤ- ਜੋ ਕੋਈ ਦੇਸ਼ ਦੂਜੇ ਦੇਸ਼ਾਂ ਤੋਂ ਵਸਤੂਆਂ ਮੰਗਵਾਉਂਦਾ ਹੈ

ਨਿਰਯਾਤ - ਜੋ ਕੋਈ ਦੇਸ਼ ਦੂਜੇ ਦੇਸ਼ਾਂ ਨੂੰ ਵਸਤੂਆਂ ਭੇਜਦਾ ਹੈ।

ਪ੍ਰਸ਼ਨ:- 30.ਪਹਿਲੀ ਪੰਜ ਸਾਲਾ ਯੋਜਨਾ ਦਾ ਸਮਾਂ ਕੀ ਸੀ?

ਉੱਤਰ:-1951-56

ਪ੍ਰਸ਼ਨ:-31. ਯੋਜਨਾ ਆਯੋਗ ਦੀ ਸਥਾਪਨਾ ਕਦੋਂ ਹੋਈ ? ਭਾਰਤ ਵਿੱਚ ਆਰਥਿਕ ਯੋਜਨਾ ਕਦੋਂ ਸ਼ੁਰੂ ਹੋਈ ?

ਉੱਤਰ:- 1950 ਵਿੱਚ, 1951 ਵਿੱਚ।

ਪ੍ਰਸ਼ਨ:-32. ਵਰਤਮਾਨ ਸਮੇਂ ਕਿਨ੍ਹਵੀਂ ਪੰਜ ਸਾਲਾ ਯੋਜਨਾ ਚੱਲ ਰਹੀ ਹੈ,ਇਸਦਾ ਸਮਾਂ ਦੱਸੋ ?

ਉੱਤਰ:-12 ਵੀਂ, 2012 ਤੋਂ 2017 ਤੱਕ, ਹੁਣ ਤੱਕ 12 ਯੋਜਨਾਂਵਾਂ ਲਾਗੂ ਹੋ ਚੁੱਕੀਆਂ ਹਨ।

ਤਿਆਰ ਕਰਤਾ

ਆਕਾਸ਼ਦੀਪ ਡੋਡਾ,

ਐਸ.ਐਸ.ਮਾਸਟਰ

ਸ.ਕੰ.ਸ.ਸ.ਸ.ਫਾਜ਼ਿਲਕਾ

ਜਮਾਤ ਦਸਵੀਂ - ਨਾਗਰਿਕ ਸ਼ਾਸਤਰ

ਇੱਕ ਅੰਕ ਵਾਲੇ ਪ੍ਰਸ਼ਨ

ਪ੍ਰਸ਼ਨ:- 1. ਸੰਵਿਧਾਨ ਤੋਂ ਤੁਹਾਡਾ ਕੀ ਭਾਵ ਹੈ?

ਉੱਤਰ – ਸੰਵਿਧਾਨ ਇੱਕ ਅਜਿਹਾ ਮੌਲਿਕ ਕਾਨੂੰਨੀ ਦਸਤਾਵੇਜ ਹੁੰਦਾ ਹੈ, ਜਿਸਦੇ ਤਹਿਤ ਕਿਸੇ ਦੇਸ਼ ਦੀ ਸਰਕਾਰ ਆਪਣਾ ਕੰਮ ਕਰਦੀ ਹੈ।

ਪ੍ਰਸ਼ਨ:- 2. ਸੰਵਿਧਾਨ ਦੀ ਪ੍ਰਸਤਾਵਨਾ ਕੀ ਦਰਸਾਉਂਦੀ ਹੈ?

ਉੱਤਰ – ਸੰਵਿਧਾਨ ਦੀ ਪ੍ਰਸਤਾਵਨਾ ਸੰਵਿਧਾਨ ਦੇ ਮੌਲਿਕ ਉਦੇਸ਼ਾਂ ਨੂੰ ਪ੍ਰਗਟ ਕਰਦੀ ਹੈ। ਪ੍ਰਸਤਾਵਨਾ ਦੱਸਦੀ ਹੈ ਕਿ ਭਾਰਤੀ ਭਾਰਤੀ ਸ਼ਾਸ਼ਨ ਪ੍ਰਣਾਲੀ ਦਾ ਸਰੂਪ ਕਿਹੋ ਜਿਹਾ ਹੋਵੇਗਾ।

ਪ੍ਰਸ਼ਨ:- 3. ਪ੍ਰਸਤਾਵਨਾ ਕਿੰਨ੍ਹਾਂ ਸ਼ਬਦਾਂ ਨਾਲ ਆਰੰਭ ਹੁੰਦੀ ਹੈ?

ਉੱਤਰ – ਪ੍ਰਸਤਾਵਨਾ ਦੇ ਆਰੰਭਿਕ ਸ਼ਬਦ ਇਸ ਪ੍ਰਕਾਰ ਹਨ – ਅਸੀਂ, ਭਾਰਤ ਦੇ ਲੋਕ, ਭਾਰਤ ਨੂੰ ਇੱਕ ਸੰਪੂਰਨ ਪ੍ਰਭੂਸੱਤਾ ਸੰਪੰਨ ਸਮਾਜਵਾਦੀ, ਧਰਮ ਨਿਰਪੱਖ, ਅਤੇ ਲੋਕਤੰਤਰੀ ਗਣਰਾਜ ਐਲਾਨ ਕਰਦੇ ਹਾਂ।

ਪ੍ਰਸ਼ਨ:- 4. ਭਾਰਤੀ ਸੰਵਿਧਾਨ ਦੀ ਇੱਕ ਪ੍ਰਮੁੱਖ ਵਿਸ਼ੇਸ਼ਤਾ ਦੱਸੋ।

ਉੱਤਰ – ਭਾਰਤੀ ਸੰਵਿਧਾਨ ਸੰਸਾਰ ਦਾ ਸਭ ਤੋਂ ਵੱਡੇ ਆਕਾਰ ਵਾਲਾ ਅਤੇ ਵਿਸਤ੍ਰਿਤ ਹੈ। ਇਸ ਵਿੱਚ 395 ਅਨੁਛੇਦ ਅਤੇ 12 ਅਨੁਸੂਚੀਆਂ ਹਨ।

ਪ੍ਰਸ਼ਨ:- 5. ਭਾਰਤੀ ਨਾਗਰਿਕਾਂ ਦੇ ਕੋਈ ਇੱਕ ਅਧਿਕਾਰ ਲਿਖੋ।

ਉੱਤਰ – ਸਮਾਨਤਾ ਦਾ ਅਧਿਕਾਰ, ਸ਼ੋਸ਼ਣ ਦੇ ਵਿਰੁੱਧ ਅਧਿਕਾਰ

ਪ੍ਰਸ਼ਨ:- 6. ਲੋਕ ਸਭਾ ਦੇ ਕੁੱਲ ਕਿੰਨੇ ਮੈਂਬਰ ਹੁੰਦੇ ਹਨ?

ਉੱਤਰ – 530+13+2 = 545

ਪ੍ਰਸ਼ਨ:- 7. ਲੋਕ ਸਭਾ ਦੇ ਸਪੀਕਰ ਦੀ ਨਿਯੁਕਤੀ ਕਿਵੇਂ ਹੁੰਦੀ ਹੈ?

ਉੱਤਰ – ਲੋਕ ਸਭਾ ਆਪਣੇ ਹੀ ਮੈਂਬਰਾਂ ਵਿੱਚੋਂ ਸਪੀਕਰ ਦੀ ਚੋਣ ਕਰਦੀ ਹੈ। ਇਹ ਲੋਕ ਸਭਾ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ।

ਪ੍ਰਸ਼ਨ:- 8. ਅਵਿਸ਼ਵਾਸ ਪ੍ਰਸਤਾਵ ਤੋਂ ਤੁਹਾਡਾ ਕੀ ਭਾਵ ਹੈ?

ਉੱਤਰ – ਇਸ ਦਾ ਭਾਵ ਹੈ ਕਿ ਲੋਕ ਸਭਾ ਦੁਆਰਾ ਅਵਿਸ਼ਵਾਸ ਪ੍ਰਸਤਾਵ ਪਾਸ ਕਰਨ ਤੇ ਮੰਤਰੀ ਪਰਿਸ਼ਦ ਨੂੰ ਤਿਆਗ ਪੱਤਰ ਦੇਣਾ ਪੈਂਦਾ ਹੈ।

ਪ੍ਰਸ਼ਨ:- 9. ਰਾਜ ਸਭਾ ਦੇ ਕੁਲ ਕਿੰਨੇ ਮੈਂਬਰ ਹੋ ਸਕਦੇ ਹਨ?

ਉੱਤਰ – 250 ਮੈਂਬਰ

ਪ੍ਰਸ਼ਨ:- 10. ਰਾਸ਼ਟਰਪਤੀ ਕਿੰਨੇ ਮੈਂਬਰ ਅਤੇ ਕਿਹੜੇ ਖੇਤਰਾਂ ਵਿੱਚੋਂ ਨਾਮਜ਼ਦ ਕਰਦਾ ਹੈ?

ਉੱਤਰ – ਰਾਸ਼ਟਰਪਤੀ 12 ਮੈਂਬਰਾਂ ਨੂੰ ਵਿਗਿਆਨ, ਕਲਾ, ਸਾਹਿਤ ਅਤੇ ਸਮਾਜ ਸੇਵਾ ਦੇ ਖੇਤਰ ਵਿੱਚੋਂ ਨਾਮਜ਼ਦ ਕਰ ਸਕਦਾ ਹੈ।

ਪ੍ਰਸ਼ਨ:- 11. ਰਾਜ ਸਭਾ ਦੀਆਂ ਬੈਠਕਾਂ ਦੀ ਪ੍ਰਧਾਨਗੀ ਕੌਣ ਕਰਦਾ ਹੈ?

ਉੱਤਰ – ਭਾਰਤ ਦਾ ਉਪ-ਰਾਸ਼ਟਰਪਤੀ

ਪ੍ਰਸ਼ਨ:- 12. ਰਾਜ ਸਭਾ ਦੇ ਮੈਂਬਰਾਂ ਦਾ ਕਾਰਜਕਾਲ ਕਿੰਨਾ ਹੁੰਦਾ ਹੈ?

ਉੱਤਰ – 6 ਸਾਲ। ਰਾਜ ਸਭਾ ਦੇ ਇੱਕ-ਤਿਹਾਈ ਮੈਂਬਰ ਹਰ ਦੋ ਸਾਲ ਬਾਅਦ ਰਿਟਾਇਰ ਹੋ ਜਾਂਦੇ ਹਨ।

ਪ੍ਰਸ਼ਨ:- 13. ਵਿਆਖਿਆ ਕਰੋ – ਮਹਾਂਦੋਸ਼ ਦਾ ਮੁੱਕਦਮਾ

ਉੱਤਰ – ਰਾਸ਼ਟਰਪਤੀ ਉਤੇ ਸੰਵਿਧਾਨ ਦੀ ਉਲੰਘਣਾ ਕਰਨ ਤੇ ਮਹਾਂਦੋਸ਼ ਦਾ ਮੁਕੱਦਮਾ ਚਲਾ ਕੇ ਉਸ ਨੂੰ ਨਿਸ਼ਚਿਤ ਮਿਆਦ ਤੋਂ ਪਹਿਲਾਂ ਹਟਾਇਆ ਜਾ ਸਕਦਾ ਹੈ।

ਪ੍ਰਸ਼ਨ:- 14. ਪ੍ਰਧਾਨ ਮੰਤਰੀ ਦੀ ਨਿਯੁਕਤੀ ਕਿਵੇਂ ਹੁੰਦੀ ਹੈ?

ਉੱਤਰ – ਪ੍ਰਧਾਨ ਮੰਤਰੀ ਦੀ ਨਿਯੁਕਤੀ ਰਾਸ਼ਟਰਪਤੀ ਕਰਦਾ ਹੈ। ਲੋਕਸਭਾ ਵਿੱਚ ਬਹੁਮਤ ਪ੍ਰਾਪਤ ਕਰਨ ਵਾਲੇ ਦਲ ਦੇ ਨੇਤਾ ਨੂੰ ਹੀ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਚੁਣਿਆ ਜਾਂਦਾ ਹੈ।

ਪ੍ਰਸ਼ਨ:- 15. ਅਭਿਲੇਖ ਅਦਾਲਤ ਦੀ ਵਿਆਖਿਆ ਕਰੋ।

ਉੱਤਰ – ਸੁਪਰੀਮ ਕੋਰਟ ਨੂੰ ਅਭਿਲੇਖ ਅਦਾਲਤ ਵੀ ਕਿਹਾ ਜਾਂਦਾ ਹੈ। ਇਸ ਦਾ ਅਰਥ ਹੈ ਕਿ ਸੁਪਰੀਮ ਕੋਰਟ ਦੀ ਸੰਪੂਰਨ ਕਾਰਵਾਈ ਤੇ ਫੈਸਲੇ ਸਬੂਤ ਦੇ ਤੌਰ ਤੇ ਰਿਕਾਰਡ ਵਿੱਚ ਰੱਖੇ ਜਾਂਦੇ ਹਨ। ਇਨ੍ਹਾਂ ਫੈਸਲਿਆਂ ਨੂੰ ਹੇਠਲੀਆਂ ਅਦਾਲਤਾਂ ਵਿੱਚ ਮਿਸਾਲ ਦੇ ਤੋਰ ਤੇ ਪੇਸ਼ ਕੀਤਾ ਜਾ ਸਕਦਾ ਹੈ।

ਪ੍ਰਸ਼ਨ:- 16. ਸਧਾਰਨ ਬਿੱਲ ਨੂੰ ਕਾਨੂੰਨ ਬਨਣ ਲਈ ਕਿਨ੍ਹਾਂ ਪ੍ਰਸਥਿਤੀਆਂ ਵਿੱਚੋਂ ਲੰਘਣਾ ਪੈਂਦਾ ਹੈ?

ਉੱਤਰ – ਸਧਾਰਨ ਬਿੱਲ ਦੇ ਪਹਿਲੇ ਪੜਾਅ ਵਿੱਚ ਬਿੱਲ ਦਾ ਪੇਸ਼ ਕਰਨਾ ਅਤੇ ਉਸਦੀ ਪਹਿਲੀ ਪੜ੍ਹਤ ਹੁੰਦੀ ਹੈ। ਦੂਸਰੇ ਪੜਾਅ ਵਿੱਚ ਉਸ ਦੀ ਹਰੇਕ ਧਾਰਾ ਤੇ ਬਹਿਸ ਹੁੰਦੀ ਹੈ ਅਤੇ ਤੀਸਰੇ ਪੜਾਅ ਵਿੱਚ ਬਿੱਲ ਉਪਰ ਸਾਂਝੇ ਤੌਰ ਤੇ ਮਤਦਾਨ ਹੁੰਦਾ ਹੈ। ਪਾਸ ਹੋਣ ਤੇ ਬਿੱਲ ਦੂਸਰੇ ਸਦਨ ਨੂੰ ਭੇਜ ਦਿੱਤਾ ਜਾਂਦਾ ਹੈ।

ਪ੍ਰਸ਼ਨ:- 17. ਕਿਨ੍ਹਾਂ ਦੋ ਰਾਜਾਂ ਵਿੱਚ ਵਿਧਾਨ ਪਰਿਸ਼ਦ ਅੱਜ ਕਲ੍ਹ ਸਥਾਪਿਤ ਹੈ?

ਉੱਤਰ – ਜੰਮੂ ਕਸ਼ਮੀਰ, ਉਤੱਰ ਪ੍ਰਦੇਸ਼, ਬਿਹਾਰ

ਪ੍ਰਸ਼ਨ:- 18. ਰਾਜ ਦੇ ਰਾਜਪਾਲ ਦੀ ਨਿਯੁਕਤੀ ਕਿਵੇਂ ਕੀਤੀ ਜਾਂਦੀ ਹੈ?

ਉੱਤਰ – ਰਾਸ਼ਟਰਪਤੀ ਦੁਆਰਾ ਪੰਜ ਸਾਲ ਲਈ।

ਪ੍ਰਸ਼ਨ:- 19. ਮੁੱਖ ਮੰਤਰੀ ਦੀ ਨਿਯੁਕਤੀ ਕਿਵੇਂ ਅਤੇ ਕਿਸ ਦੁਆਰਾ ਕੀਤੀ ਜਾਂਦੀ ਹੈ?

ਉੱਤਰ – ਰਾਜਪਾਲ ਵਿਧਾਨ ਸਭਾ ਵਿੱਚ ਬਹੁਮਤ ਦਲ ਦੇ ਨੇਤਾ ਨੂੰ ਜਾਂ ਅਜਿਹੇ ਨੇਤਾ ਨੂੰ ਜਿਸ ਨੂੰ ਵਿਧਾਨ ਸਭਾ ਵਿੱਚ ਬਹੁਮਤ ਪ੍ਰਾਪਤ ਹੋਵੇ, ਸਰਕਾਰ ਬਣਾਉਣ ਦਾ ਸੱਦਾ ਦਿੰਦਾ ਹੈ।

ਪ੍ਰਸ਼ਨ:- 20. ਹਾਈਕੋਰਟ ਦੇ ਵਿੱਚ ਕਿੰਨੇ ਜੱਜ ਹੁੰਦੇ ਹਨ?

ਉੱਤਰ – ਇੱਕ ਮੁੱਖ ਜੱਜ ਅਤੇ ਕੁੱਝ ਹੋਰ ਜੱਜ ਹੁੰਦੇ ਹਨ। ਹਾਈਕੋਰਟ ਦੇ ਜੱਜਾਂ ਦੀ ਸੰਖਿਆ ਰਾਸ਼ਟਰਪਤੀ ਦੀ ਇੱਛਾ ਤੇ ਛੱਡ ਦਿੱਤੀ ਗਈ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜਾਂ ਦੀ ਸੰਖਿਆ 26 ਹੈ।

ਪ੍ਰਸ਼ਨ:- 21 ਲੋਕ ਅਦਾਲਤਾਂ ਤੋਂ ਤੁਹਾਡਾ ਕੀ ਭਾਵ ਹੈ?

ਉੱਤਰ – ਗਰੀਬ, ਸ਼ੋਸ਼ਿਤ ਅਤੇ ਲਤਾੜੇ ਗਏ ਭਾਰਤੀ ਲੋਕਾਂ ਨੂੰ ਛੇਤੀ ਨਿਆਂ ਦਿਵਾਉਣ ਦੇ ਉਦੇਸ਼ ਲਈ ਦੇਸ਼ ਵਿੱਚ ਲੋਕ ਅਦਾਲਤਾਂ ਸਥਾਪਤ ਕੀਤੀਆ ਗਈਆਂ ਹਨ।

ਪ੍ਰਸ਼ਨ:- 22. ਹਾਈਕੋਰਟ ਦੀਆਂ ਦੋ ਸ਼ਕਤੀਆਂ ਦਾ ਵਰਨਣ ਕਰੋ।

ਉੱਤਰ – ਹਾਈਕੋਰਟ ਆਪਣੇ ਅਧੀਨ ਸਾਰੀਆਂ ਅਦਾਲਤਾਂ ਦੇ ਫੈਸਲਿਆਂ ਦੇ ਵਿਰੁੱਧ ਅਪੀਲਾਂ ਸੁਣ ਸਕਦੀ ਹੈ। ਇਹ ਕੁੱਝ ਮਹਤਵਪੂਰਨ ਮਾਮਲਿਆਂ ਉਤੇ ਸਿੱਧੀ ਸੁਣਵਾਈ ਕਰ ਸਕਦੀ ਹੈ।

ਪ੍ਰਸ਼ਨ:- 23. ਚੋਣ ਵਿਧੀਆਂ ਕਿੰਨੇ ਪ੍ਰਕਾਰ ਦੀਆਂ ਹੁੰਦੀਆਂ ਹਨ?

ਉੱਤਰ – ਦੋ ਪ੍ਰਕਾਰ ਦੀਆਂ - ਪ੍ਰਤੱਖ ਅਤੇ ਅਪ੍ਰਤੱਖ। ਪ੍ਰਤੱਖ ਚੋਣ ਪ੍ਰਣਾਲੀ ਵਿੱਚ ਮਤਦਾਤਾ ਆਪ ਪੋਲਿੰਗ ਸਟੇਸ਼ਨ ਤੇ ਜਾ ਕੇ ਆਪਣੀ ਇੱਛਾ ਅਨੁਸਾਰ ਉਮੀਦਵਾਰ ਨੂੰ ਵੋਟ ਪਾ ਕੇ ਆਪਣਾ ਪ੍ਰਤਿਨਿਧੀ ਚੁਣਦੇ ਹਨ। ਅਪ੍ਰਤੱਖ ਚੋਣ ਪ੍ਰਣਾਲੀ ਵਿੱਚ ਲੋਕ ਆਪਣੇ ਪ੍ਰਤੀਨਿਧਾਂ ਨੂੰ ਸਿੱਧੇ ਤੌਰ ਤੇ ਨਹੀਂ ਚੁਣਦੇ।

ਪ੍ਰਸ਼ਨ:- 24. ਲੋਕਮਤ ਤੋਂ ਤੁਹਾਡਾ ਕੀ ਭਾਵ ਹੈ?

ਉੱਤਰ – ਲੋਕਮਤ ਦਾ ਭਾਵ ਜਨਤਾ ਦਾ ਮਤ ਜਾਂ ਜਨਤਾ ਦੀ ਰਾਇ ਜਾਂ ਲੋਕ ਰਾਇ ਤੋਂ ਹੈ।

ਪ੍ਰਸ਼ਨ:- 25. ਲੋਕਮਤ ਦੇ ਨਿਰਮਾਣ ਤੇ ਪ੍ਰਗਟਾਵੇ ਦੇ ਇੱਕ ਸਾਧਨ ਦਾ ਵਰਨਣ ਕਰੋ।

ਉੱਤਰ – ਪ੍ਰੈਸ ਜਾਂ ਮੀਡੀਆ

ਪ੍ਰਸ਼ਨ:- 26. ਭਾਰਤੀ ਰਾਸ਼ਟਰੀ ਕਾਂਗਰਸ ਦਾ ਜਨਮ ਕਦੋਂ ਅਤੇ ਕਿਸ ਦੀ ਅਗਵਾਈ ਹੇਠ ਹੋਇਆ?

ਉੱਤਰ – 1885 ਈ. ਵਿੱਚ ਸਰ ਏ. ਓ. ਹਿਊਮ ਦੀ ਅਗਵਾਈ ਵਿੱਚ ਹੋਇਆ।

ਪ੍ਰਸ਼ਨ:- 27. ਭਾਰਤੀ ਵਿਦੇਸ਼ ਨੀਤੀ ਦੇ ਬੁਨਿਆਦੀ ਸਿਧਾਂਤ ਲਿਖੋ।

ਉੱਤਰ – ਗੁੱਟ ਨਿਰਲੇਪਤਾ ਦੀ ਨੀਤੀ, ਪੰਚਸ਼ੀਲ ਦੇ ਸਿਧਾਂਤ ਅਤੇ ਸੰਯੁਕਤ ਰਾਸ਼ਟਰ ਸੰਘ ਵਿੱਚ ਪੂਰਨ ਵਿਸ਼ਵਾਸ।

ਪ੍ਰਸ਼ਨ:- 28. ਪੰਚਸ਼ੀਲ ਤੋਂ ਤੁਹਾਡਾ ਕੀ ਭਾਵ ਹੈ?

ਉੱਤਰ – ਭਾਰਤ ਦੇ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਅਤੇ ਚੀਨ ਦੇ ਪ੍ਰਧਾਨ ਮੰਤਰੀ ਚਾਓ-ਏਨ-ਲਾਈ ਦੇ ਸਾਂਝੇ ਬਿਆਨ ਦੁਆਰਾ ਤਿਬੱਤ ਦੇ ਖੇਤਰ ਸੰਬੰਧੀ ਸਮਝੌਤੇ ਤੇ 29 ਅਪ੍ਰੈਲ 1954 ਨੂੰ ਪੰਜ ਸਿਧਾਂਤ ਅਪਣਾਏ ਜਿਨ੍ਹਾਂ ਨੂੰ ਪੰਚਸ਼ੀਲ ਕਿਹਾ ਗਿਆ।

ਪ੍ਰਸ਼ਨ:- 29. ਭਾਰਤ ਦੀ ਪ੍ਰਮਾਣੂ ਨੀਤੀ ਕੀ ਹੈ?

ਉੱਤਰ – ਭਾਰਤ ਦੀ ਪ੍ਰਮਾਣੂ ਨੀਤੀ ਦਾ ਮੁੱਖ ਉਦੇਸ਼ ਰਚਨਾਤਮਕ ਕੰਮਾਂ ਅਤੇ ਸ਼ਾਂਤੀਪੂਰਨ ਉਦੇਸ਼ਾਂ ਦੀ ਪ੍ਰਾਪਤੀ ਕਰਨਾ ਹੈ ਤਾਂ ਜੋ ਸਮੁੱਚੇ ਸੰਸਾਰ ਵਿੱਚ ਕੌਮਾਂਤਰੀ ਭਾਈਚਾਰਕ ਸਾਂਝ ਵੱਧ ਸਕੇ।

ਪ੍ਰਸ਼ਨ:- 30. ਸੁਰਖਿਆ ਪਰਿਸ਼ਦ ਵਿੱਚ ਕਿੰਨੇ ਸਥਾਈ ਅਤੇ ਕਿੰਨੇ ਅਸਥਾਈ ਮੈਂਬਰ ਹਨ?

ਉੱਤਰ – ਕੁੱਲ 15 ਮੈਂਬਰਾਂ ਵਿੱਚੋਂ 5 ਸਥਾਈ ਅਤੇ 10 ਅਸਥਾਈ ਮੈਂਬਰ ਹਨ। ਅਸਥਾਈ ਮੈਂਬਰ 2 ਸਾਲ ਲਈ ਚੁਣੇ ਜਾਂਦੇ ਹਨ।

ਪ੍ਰਸ਼ਨ:- 31. ਸੰਯੁਕਤ ਰਾਸ਼ਟਰ ਦਾ ਜਨਮ ਕਦੋਂ ਹੋਇਆ ਅਤੇ ਕਿਤਨੇ ਦੇਸ਼ ਇਸਦੇ ਮੂਲ ਮੈਂਬਰ ਸਨ?

ਉੱਤਰ – 24 ਅਕਤੂਬਰ 1945, 51 ਦੇਸ਼

ਪ੍ਰਸ਼ਨ:- 32. ਅੰਤਰ ਰਾਸ਼ਟਰੀ ਅਦਾਲਤ ਦੀ ਵਿਆਖਿਆ ਕਰੋ।

ਉੱਤਰ – ਇਸ ਅਦਾਲਤ ਦਾ ਮੁੱਖ ਦਫਤਰ ਹੇਗ (ਹਾਲੈਂਡ) ਵਿਖੇ ਹੈ। ਇਸ ਵਿੱਚ ਕੁਲ 15 ਜੱਜ ਹੁੰਦੇ ਹਨ ਜਿਨ੍ਹਾਂ ਦੀ ਚੋਣ ਮਹਾਂਸਭਾ ਅਤੇ ਸੁਰਖਿਆ ਪਰਿਸ਼ਦ ਦੁਆਰਾ 9 ਸਾਲ ਲਈ ਕੀਤੀ ਜਾਂਦੀ ਹੈ। ਇਸ ਅਦਾਲਤ ਦਾ ਮੁੱਖ ਕੰਮ ਵੱਖ ਵੱਖ ਰਾਸ਼ਟਰਾਂ ਦੇ ਆਪਸੀ ਝਗੜਿਆਂ ਦਾ ਨਿਰਣਾ ਕਰਨਾ ਹੈ।

ਪ੍ਰਸ਼ਨ:- 33. ਨਿਸ਼ਸ਼ਤਰੀਕਰਨ ਦੀ ਵਿਆਖਿਆ ਕਰੋ।

ਉੱਤਰ – ਨਿਸ਼ਸ਼ਤਰੀਕਰਨ ਦਾ ਅਰਥ ਹਥਿਆਰਾਂ ਦੀ ਦੌੜ ਨੂੰ ਘੱਟ ਕਰਨਾ ਹੈ। ਭਾਰਤ ਇੱਕ ਸ਼ਾਂਤੀ ਪਸੰਦ ਦੇਸ਼ ਹੈ ਅਤੇ ਆਰੰਭ ਤੋਂ ਹੀ ਹਥਿਆਰਾਂ ਦੀ ਦੋੜ ਦਾ ਵਿਰੋਧ ਕਰਦਾ ਆ ਰਿਹਾ ਹੈ।

ਪ੍ਰਸ਼ਨ:- 34. ਮਹਾਂ ਸਭਾ ਦੀ ਵਿਆਖਿਆ ਕਰੋ।

ਉੱਤਰ – ਇਸ ਸਭਾ ਵਿੱਚ ਸੰਯੁਕਤ ਰਾਸ਼ਟਰ ਦੇ ਸਾਰੇ 193 ਮੈਂਬਰ ਦੇਸ਼ ਸ਼ਾਮਿਲ ਹੁੰਦੇ ਹਨ। ਹਰ ਦੇਸ਼ ਇਸ ਲਈ 5 ਮੈਂਬਰ ਭੇਜ ਸਕਦਾ ਹੈ। ਮਹਾਂ ਸਭਾ ਸੰਯੁਕਤ ਰਾਸ਼ਟਰ ਸੰਘ ਦੀ ਸੰਸਦ ਹੈ। ਇਹ ਸਭਾ ਅਨੇਕ ਪ੍ਰਕਾਰ ਦੇ ਕੌਮਾਂਤਰੀ ਕੰਮਾਂ ਵਿੱਚ ਭਾਗ ਲੈਂਦੀ ਹੈ।

ਪ੍ਰਸ਼ਨ:- 35. ਭਾਰਤ ਅਤੇ ਚੀਨ ਦੇ ਸੰਬੰਧਾਂ ਵਿੱਚ ਤਨਾਅ ਦਾ ਮੂਲ ਕਾਰਨ ਕੀ ਹੈ?

ਉੱਤਰ – ਭਾਰਤ ਅਤੇ ਚੀਨ ਦੇ ਸੰਬੰਧਾਂ ਵਿੱਚ ਤਨਾਅ ਦਾ ਮੂਲ ਕਾਰਨ ਸਰਹੱਦੀ ਮਤਭੇਦ ਹਨ ਜਿਹੜੇ ਕਾਫੀ ਯਤਨਾਂ ਦੇ ਬਾਵਜੂਦ ਵੀ ਦੂਰ ਨਹੀਂ ਕੀਤੇ ਜਾ ਸਕੇ।

ਵਿਜੈ ਗੁਪਤਾ, ਸ.ਸ. ਅਧਿਆਪਕ

ਸ.ਹ.ਸ. ਚੁਵਾੜਿਆਂ ਵਾਲੀ

977 990 3800

https://t.me/ictinschools